**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:)ਪੰਜਾਬ, ਅਜੀਤ ਗੜ੍ਹ।**
**(ਸੈਕੰਡਰੀ ਸਿੱਖਿਆ ਸਾਖਾ)**

ਹੁਕਮ ਨੰ: ਨੰ: 23/3-18ਸੈ.ਸਿ(1)
ਮਿਤੀ ਅਜੀਤਗੜ੍ਹ: 15-11-18

ਸ੍ਰੀਮਤੀ ਕਵਿਤਾ ਰਾਣੀ, ਮੈਥ ਮਿਸਟ੍ਰੈਸ, ਚੋਧਰੀ ਮੇਲਾ ਰਾਮ ਭੁੰਬਲਾ, ਸ.ਸ.ਸ.ਸ ਮਾਲੇਵਾਲ, ਜਿਲ੍ਹਾ ਸਹੀਦ ਭਗਤ ਸਿੰਘ ਨਗਰ, ਮਿਤੀ 28-8-2018 ਤੋ ਹੁਣ ਤੱਕ ਦੀ ਗੈਰਹਾਜਰੀ ਸਬੰਧੀ ਕੇਸ ਪ੍ਰਾਪਤ ਹੋਇਆ ਹੈ। ਪ੍ਰਿੰਸੀਪਲ ਵਲੋ ਲਿਖਿਆ ਹੈ ਕਿ ਕਰਮਚਾਰਨ ਨੇ ਮਿਤੀ 29-8-18 ਨੂੰ ਚਾਰ ਦਿਨ ਲਈ ਮੈਡੀਕਲ ਛੁੱਟੀ ਭੇਜੀ ਸੀ। ਜਿਸ ਵਿਚ ਮਿਤੀ 29-8-18 ਤੋ 1-8-18 ਦਰਸਾਈ ਗਈ ਹੈ ਜੋ ਕਿ ਨਿਯਮਾਂ ਅਨੁਸਾਰ ਗਲਤ ਹੈ । ਮੈਡੀਕਲ ਸਰਟੀਫਿਕੇਟ ਦੀ ਹਾਰਡ ਕਾਪੀ ਦਫਤਰ ਨਹੀ ਭੇਜੀ ਗਈ। ਪ੍ਰਿੰਸੀਪਲ ਵਲੋ ਕਰਮਚਾਰਨ ਦੀ ਛੁੱਟੀ ਰੱਦ ਕਰ ਦਿੱਤੀ ਸੀ ਅਤੇ ਸਕੂਲ ਦੇ ਪੱਤਰ ਨੰ: 914/18, ਮਿਤੀ 29-8-18 ਨੂੰ ਈ.ਮੇਲ ਰਾਹੀ ਸੂਚਿਤ ਵੀ ਕਰ ਦਿੱਤਾ ਗਿਆ ਸੀ। ਸਕੂਲ ਮੁੱਖੀ ਦੇ ਪੱਤਰ /ਈ.ਮੇਲ ਰਾਹੀ ਨੋਟਿਸ ਭੇਜ ਕੇ ਹਦਾਇਤ ਕੀਤੀ ਗਈ ਸੀ ਕਿ ਆਪਣਾ ਪੱਖ ਮਿਤੀ 18-9-18 ਤੱਕ ਪੇਸ ਕੀਤਾ ਜਾਵੇ, ਪਰੰਤੂ ਕਰਮਚਾਰਨ ਸਕੂਲ ਵਿਚ ਨਾ ਤਾਂ ਹਾਜਰ ਹੋਈ ਅਤੇ ਨਾ ਹੀ ਲਿਖਤੀ ਤੌਰ ਤੇ ਪੱਖ ਪੇਸ ਕੀਤਾ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਰਮਚਾਰਣ ਸਰਕਾਰੀ ਨੌਕਰੀ ਕਰਨ ਦੀ ਚਾਹਵਾਨ ਨਹੀਂ ਹੈ। ਕਰਮਚਾਰਨ ਦੀ ਗੈਰ-ਹਾਜ਼ਰੀ ਨਾਲ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ।

ਵਿਭਾਗ ਦੇ ਹੁਕਮ ਨੰ: 2/13-2018(3582-ਮੈਥ)ਅਮਲਾ-2(6), ਮਿਤੀ 26-7-18 ਰਾਹੀ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਨਿਯੁਕਤੀ ਪੱਤਰ ਦੀ ਸਰਤ 11 ਵਿਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ 3 ਸਾਲ ਦੇ ਪਰਖ ਸਮੇ ਲਈ ਪ੍ਰੋਬੇਸਨਰੀ ਹੋਵੇਗਾ। ਇਸ ਸਮੇ ਦੌਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਾ ਪਾਇਆ ਗਿਆ ਤਾਂ ਬਿਨ੍ਹਾਂ ਨੋਟਿਸ ਦਿੱਤੇ ਨੌਕਰੀ ਤੋ ਕੱਢ ਦਿੱਤਾ ਜਾਵੇਗਾ।

ਸਬੰਧਤ ਕਰਮਚਾਰਣ ਨੂੰ ਪ੍ਰਿੰਸੀਪਲ ਵਲੋਂ ਆਪਣਾ ਪੱਖ ਪੇਸ ਕਰਨ ਲਈ ਕਿਹਾ ਗਿਆ ਫਿਰ ਵੀ ਕਰਮਚਾਰਣ ਆਪਣੀ ਡਿਊਟੀ ਤੋ ਜਾਣ-ਬੁਝ ਗੈਰਹਾਜਰ (wilfully Absent) ਰਹੀ। ਇਸ ਤੋ ਜਾਪਦਾ ਹੈ ਕਿ ਉਸ ਦੀ ਸਰਕਾਰੀ ਨੌਕਰੀ ਵਿਚ ਦਿਲਚਸਪੀ ਨਹੀ ਹੈ। ਉਕਤ ਸਥਿਤੀ ਦੇ ਮੱਦੇ-ਨਜਰ ਕਰਮਚਾਰਣ ਦਾ ਕੰਮ ਅਤੇ ਕੰਡਕਟ ਤਸੱਲੀਬਖਸ ਨਹੀ ਪਾਇਆ ਗਿਆ। ਜਿਸ ਕਾਰਨ ਸ੍ਰੀਮਤੀ ਕਵਿਤਾ ਰਾਣੀ, ਮੈਥ ਮਿਸਟ੍ਰੈਸ ਚੋਧਰੀ ਮੇਲਾ ਰਾਮ ਭੁੰਬਲਾ, ਸ.ਸ.ਸ.ਸ ਮਾਲੇਵਾਲ, ਜਿਲ੍ਹਾ ਸਹੀਦ ਭਗਤ ਸਿੰਘ ਨਗਰ ਦੀਆਂ ਸੇਵਾਵਾਂ ਤਤਕਾਲ ਸਮੇ ਤੋ ਖਤਮ ਕੀਤੀਆਂ ਜਾਂਦੀਆਂ ਹਨ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ) ਪੰਜਾਬ।

ਪਿਠ ਅੰਕਣ ਨੰ: ਉਕਤ 201872541-43 ਮਿਤੀ, ਐਸ.ਏ.ਐਸ ਨਗਰ: 15/11/18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸਹੀਦ ਭਗਤ ਸਿੰਘ ਨਗਰ।
2. ਪ੍ਰਿੰਸੀਪਲ, ਚੋਧਰੀ ਮੇਲਾ ਰਾਮ ਭੁੰਬਲਾ, ਸ.ਸ.ਸ.ਸ ਮਾਲੇਵਾਲ, ਜਿਲ੍ਹਾ ਸਹੀਦ ਭਗਤ ਸਿੰਘ ਨਗਰ
3.ਰਜਿ. ਸ੍ਰੀਮਤੀ ਕਵਿਤਾ ਰਾਣੀ, ਮੈਥ ਮਿਸਟ੍ਰੈਸ ਚੋਧਰੀ ਮੇਲਾ ਰਾਮ ਭੁੰਬਲਾ, ਸ.ਸ.ਸ.ਸ ਮਾਲੇਵਾਲ, ਜਿਲ੍ਹਾ ਸਹੀਦ ਭਗਤ ਸਿੰਘ ਨਗਰ

15/11/18
o/c ਸੁਪਰਡੰਟ ਸੈਕੰਡਰੀ ਸਿੱਖਿਆ